ਬੱਚਿਆਂ ਲਈ ਬਾਈਬਲ

ਉਪੱਸਥਿਤ



# ਯਹੋਸ਼ੁਆ
# ਨੂੰ ਕੰਮ ਸੌਂਪਿਆ
# ਜਾਣਾ

ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest
ਦੁਆਰਾ ਬਦਲਿਆ ਗਿਆ : Ruth Klassen
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਣਾਇਆ ਗਿਆ : Bible for Children
www.M1914.org

BFC
PO Box 3
Winnipeg, MB R3C 2G1
Canada

©2015 Bible for Children, Inc.
ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ
ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਮੂਸਾ ਮਰ ਗਿਆ ਸੀਂ। ਯਹੋਸ਼ੁਆ ਜਾਣਦਾ ਸੀਂ
ਕੀ ਹੁਣ ਪਰਮੇਸ਼ਵਰ ਨੇਂ ਉਸਨੂੰ ਇਸਰਾਈਲੀਆਂ
ਦੀ ਅਗਵਾਈ ਲਈ ਚੁਣਿਆ ਹੈ। ਇਸ ਤੋਂ
ਪਹਿਲਾ ਯਹੋਸ਼ੁਆ ਆਪਣੀ ਸੈਨਾ ਤਿਆਰ
ਕਰਦਾ, ਉਸਨੂੰ ਆਪਣੇ ਆਪ ਨੂੰ ਤਿਆਰ
ਕਰਨਾਂ ਸੀਂ। ਪਰਮੇਸ਼ਵਰ ਨੇਂ ਯਹੋਸ਼ੁਆ
ਨਾਲ ਵਾਇਦੇ ਦੇ ਦੇਸ਼ ਵਿੱਚ ਜਿੱਤ ਅਤੇ
ਜਾਇਦਾਦ ਦੇਣ ਦਾ ਵਾਇਦਾ
ਕੀਤਾ ਜੇਕਰ ਲੋਕ ਹਮੇਸ਼ਾਂ
ਪਰਮੇਸ਼ਵਰ ਦੇ ਵਚਨ
ਨੂੰ ਮੰਨਣਗੇ।





ਇਸਰਾਈਲੀਆਂ ਨੇਂ ਯਹੋਸ਼ੁਆ ਦੇ ਪਿੱਛੇ ਚੱਲਣ ਦਾ ਅਤੇ ਪਰਮੇਸ਼ਵਰ ਦੇ ਵਚਨ ਦੀ ਹਮੇਸ਼ਾਂ ਪਾਲਣਾ ਕਰਨ ਦਾ ਵਾਇਦਾ ਕੀਤਾ। ਬੁੱਧੀਮਾਨੀ ਨਾਲ ਨਵੇਂ ਅਗੁਵੇ ਨੇ ਖੋਜੀਆਂ ਨੂੰ ਕਨਾਨ ਦੇਸ਼ ਵਿੱਚ ਭੇਜਿਆ ਕੀ ਮਹਾਨ ਨਗਰ ਯਰੀਹੋ ਦੀ ਛਾਣ ਬੀਣ ਕਰਨ। ਉੱਥੇ ਇਸਰਾਈਲ ਦੀ ਪਹਿਲੀ ਲੜਾਈ ਹੋਣ ਜਾ ਰਹੀ ਸੀਂ।



ਕਿਸੇ ਨੇਂ ਸ਼ਹਿਰ ਦੇ ਰਾਜਾ ਨੂੰ ਜਾ ਕੇ ਦੱਸਿਆ ਕੀ ਸ਼ਹਿਰ ਵਿੱਚ ਖੋਜੀ ਆਏ ਹਨ। ਉਸਨੇਂ ਆਪਣੇ ਸਿਪਾਹੀਆਂ ਨੂੰ ਉਹਨਾਂ ਨੂੰ ਲੱਭਣ ਘੱਲਿਆ।ਖੋਜ ਰਾਹਾਬ ਦੇ ਘਰ ਤੋਂ ਸ਼ੁਰੂ ਹੋਈ, ਜਿੱਥੇ ਮਨੁੱਖ ਰੁਕੇ ਹੋਏ ਸਨ। ਸਿਪਾਹੀਆਂ ਨੇਂ ਉਸਦਾ ਦਰਵਾਜਾ ਬੜੀ ਹੀ ਕਠੋਰਤਾ ਨਾਲ ਖੜਕਾਇਆ।ਛੇਤੀ ਨਾਲ, ਰਾਹਾਬ ਨੇਂ ਮਨੁੱਖਾਂ ਨੂੰ ਕੁਝ ਸਣ ਦਿਆਂ ਗਰਨਿਆਂ ਹੇਠ ਲੁਕਾ ਦਿੱਤਾ।

ਜਦ ਸਿਪਾਹੀ ਚਲੇ ਗਏ, ਤਾਂ ਰਾਹਾਬ ਨੇਂ ਗੂੜੇ ਲਾਲ ਰੰਗ ਦੀ ਰੱਸੀ ਲੈਕੇ ਮਨੁੱਖਾਂ ਨੂੰ ਸੁਰੱਖਿਆ ਨਾਲ ਸ਼ਹਿਰ ਦੀ ਦੀਵਾਰ ਦੇ ਬਾਹਰ ਉਤਾਰਿਆ।ਉਸਨੇਂ ਖੋਜੀਆਂ ਦੀ ਸਹਾਇਤਾ ਕਿਉਂ ਕੀਤੀ ਸੀਂ? ਕਿਉਂਕਿ ਉਹ ਜਾਣ ਗਈ ਸੀਂ ਕੀ ਪਰਮੇਸ਼ਵਰ ਉਹਨਾਂ ਦੇ ਨਾਲ ਹੈ। ਉਹ ਚਾਹੁੰਦੀ ਸੀਂ ਕੀ ਪਰਮੇਸ਼ਵਰ ਉਸਦੀ ਜਾਨ ਬਖਸ਼ ਦੇਵੇ। ਖੋਜੀਆਂ ਨੇਂ ਰਾਹਾਬ ਅਤੇ ਉਸਦੇ ਪਰਿਵਾਰ ਨੂੰ ਬਚਾਉਣ ਦਾ ਵਾਇਦਾ ਕੀਤਾ।



ਯਰੀਹੋ ਪਹੁੰਚਣ ਤੋਂ ਪਹਿਲਾ, ਪ੍ਰਤਿਗਿਆ ਦੇ ਦੇਸ਼ ਕਨਾਨ ਵਿੱਚ ਜਾਣ ਲਈ ਇਸਰਾਈਲੀਆ ਨੂੰ ਯਰਦਨ ਨਦੀ ਪਾਰ ਕਰਨੀ ਪੈਂਦੀ ਸੀਂ। ਪਰ ਉਥੇ ਪੁਲ ਨਹੀਂ ਸੀਂ! ਲੋਕ ਉਸਨੂੰ ਕਿਵੇਂ ਪਾਰ ਕਰਨਗੇ?



ਪਰਮੇਸ਼ਵਰ ਨੇਂ ਯਹੋਸ਼ੁਆ ਨੂੰ ਸੰਦੂਕ ਚੁੱਕਣ ਲਈ ਆਖਿਆ ਜਿਸ ਵਿੱਚ ਦਸ ਆਗਿਆਵਾਂ ਹਨ, ਯਾਜਕ ਸਿਪਾਹੀਆ ਅਤੇ ਲੋਕਾਂ ਦੀ ਅਗਵਾਈ ਕਰਨਗੇ। ਜਦੋਂ ਯਾਜਕਾਂ ਦੇ ਪੈਰਾਂ ਨੇਂ ਨਦੀ ਦੇ ਕਿਨਾਰੇ ਨੂੰ ਛੂਹਿਆ, ਤਾਂ ਪਰਮੇਸ਼ਵਰ ਨੇਂ ਚਮਤਕਾਰ ਕੀਤਾ।ਪਰਮੇਸ਼ਵਰ ਨੇਂ ਪਾਣੀ ਦੇ ਵਿੱਚੋਂ ਦੀ ਸੁੱਕਾ ਰਸਤਾ ਬਣਾ ਦਿੱਤਾ।



ਸਾਰਿਆਂ ਲੋਕਾਂ ਦੇ ਸੁਰੱਖਿਆ ਨਾਲ ਪਾਰ ਹੋਣ ਤੋਂ ਬਾਅਦ, ਉਹਨਾਂ ਨੇਂ ਬਾਰਾਂ ਵੱਡੇ ਪੱਥਰ ਨਦੀ ਦੇ ਤਲ ਤੇ ਅਤੇ ਹੋਰ ਬਾਰਾਂ ਕਨਾਨ ਦੀ ਨਦੀ ਦੇ ਕਿਨਾਰੇ ਰੱਖੇ। ਇਹ ਲੋਕਾਂ ਨੂੰ ਯਾਦ ਕਰਾਉਣ ਲਈ ਮਦਦ ਸੀ ਜੋ ਉਹ ਆਪਣੇ ਬੱਚਿਆਂ ਨੂੰ ਆਪਣੇ ਪਰਮੇਸ਼ਵਰ ਦੀ ਮਹਾਨ ਤਾਕਤ ਅਤੇ ਪਿਆਰ ਦੇ ਬਾਰੇ ਸਿਖਾਉਣ।





ਯਰੀਹੋ ਦੀ ਦੀਵਾਰ
ਮੋਟੀ ਅਤੇ ਮਜਬੂਤ ਸੀਂ।
ਜਿਵੇਂ ਹੀ ਯਹੋਸ਼ੁਆ ਨੇਂ
ਹਮਲਾ ਕਰਨ ਦੀ ਯੋਜਨਾ
ਬਣਾਈ, ਪਰਮੇਸ਼ਵਰ ਨੇਂ
ਸਵਰਗ ਤੋਂ ਆਪਣੀ
ਸੈਨਾਂ ਦੇ ਕਪਤਾਨ ਨੂੰ
ਇਸਰਾਈਲੀਆਂ ਦੇ
ਨਵੇਂ ਅਗੂਵੇ ਨੂੰ ਯਾਦ
ਕਰਾਉਣ ਲਈ ਭੇਜਿਆ
ਕੀ ਪਰਮੇਸ਼ਵਰ ਆਪਣੇ
ਲੋਕਾਂ ਲਈ ਲੜਾਈ
ਜਿੱਤ ਦਾ ਹੈ।



ਪਰਮੇਸ਼ਵਰ ਨੇਂ ਯਹੋਸ਼ੁਆ ਨੂੰ ਦੱਸਿਆ ਕੀ ਕਿਵੇਂ ਯਰੀਹੋ ਤੇ ਹਮਲਾ ਕਰਨਾ ਹੈ।ਉਹ ਇੱਕ ਬਹੁਤ ਹੀ ਅਨੋਖੀ ਯੋਜਨਾ ਸੀਂ। ਪਰਮੇਸ਼ਵਰ ਦੇ ਲੋਕਾਂ ਨੂੰ ਸ਼ਹਿਰ ਦੇ ਚਾਰੇ ਪਾਸੇ ਛੇ ਦਿਨਾਂ ਲਈ ਹਰ ਰੋਜ ਇੱਕ ਚੱਕਰ ਲਗਾਣਾਂ ਸੀਂ, ਅਤੇ ਸੱਤਵੇਂ ਦਿਨ ਸੱਤ ਵਾਰੀਂ। ਤਦ ਉਹ ਤੁਰਹੀ ਵਜਾਉਣ ਅਤੇ ਚੀਕਣ, ਅਤੇ ਸ਼ਹਿਰ ਦੀ ਦੀਵਾਰ ਡਿੱਗ ਜਾਵੇਗੀ!

ਯਹੋਸ਼ੁਆ ਅਤੇ ਉਸਦੇ ਸੈਨਿਕਾਂ ਨੇ ਉਸੇ ਤਰਾਂ ਕੀਤਾ ਜਿਸ
ਤਰ੍ਹਾਂ ਪਰਮੇਸ਼ਵਰ ਨੇਂ ਉਹਨਾਂ ਨੂੰ ਆਗਿਆ ਦਿੱਤੀ ਸੀਂ।
ਸ਼ਾਇਦ ਯਰੀਹੋ ਦੇ ਲੋਕ ਉਹਨਾਂ ਤੇ ਹੱਸਦੇ ਹੋਣੇ ਹਨ।
ਪਰ, ਸੱਤਵੇਂ ਦਿਨ ਦੇ ਸੱਤਵੇਂ ਚੱਕਰ ਦੇ ਬਾਅਦ ਯਾਜਕ
ਨੇਂ ਮੇਂਢੇ ਦੇ ਸਿੰਘ ਦੀ ਤੁਰਹੀ ਵਜਾਈ। ਅਤੇ ਜਿਸ ਤਰ੍ਹਾ
ਪਰਮੇਸ਼ਵਰ ਨੇਂ ਪ੍ਰਤਿਗਿਆ ਕੀਤੀ ਸੀਂ ...
ਯਰੀਹੋ ਦੀ ਮਹਾਨ ਦੀਵਾਰ
ਟੁਕੜੇ ਟੁਕੜੇ ਹੋ ਗਈ।









ਸਿਰਫ ਰਹਾਬ ਦਾ ਘਰ ਕੰਧ ਵਿੱਚ ਬਚਿਆ ਸੀਂ। ਉਸਨੇ ਗੂੜੇ ਲਾਲ ਰੰਗ ਦੀ ਰੱਸੀ ਆਪਣੀ ਖਿੜਕੀ ਦੇ ਛੱਡ ਦਿੱਤੀ ਸੀਂ। ਇੱਕ ਦਮ ਯਹੋਸ਼ੁਆ ਦੇ ਬੰਦਿਆਂ ਨੇਂ ਰਾਹਾਬ ਅਤੇ ਉਸਦੇ ਪਰਿਵਾਰ ਨੂੰ ਬਚਾਇਆ। ਤਦ ਯਰੀਹੋ ਨਸ਼ਟ ਕਰ ਦਿੱਤਾ ਗਿਆ, ਜਿਵੇਂ ਪਰਮੇਸ਼ਵਰ ਨੇਂ ਆਗਿਆ ਦਿੱਤੀ ਸੀਂ।

ਸੰਸਕਾਰ ਸਹਿਤ, ਯਹੋਸ਼ੁਆ ਨੇ ਯਰੀਹੋ ਦਾ ਸੋਨਾ,



ਚਾਂਦੀ ਅਤੇ ਖਜਾਨਾ ਪਰਮੇਸ਼ਵਰ
ਦੀ ਸੇਵਾ ਲਈ ਅਰਪਣ ਕਰ
ਦਿੱਤਾ।ਤਦ ਉਸ ਨੇਂ ਉਹਨਾਂ ਨੂੰ ਸਾਰਾਪ
ਦਿੱਤਾ ਜੋ ਕੋਈ ਵਿਅਕਤੀ ਇਸ ਦੁਸ਼ਟ ਨਗਰ ਨੂੰ ਦੁਬਾਰਾ
ਬਣਾਵੇਗਾ, ਉਹ ਸਰਾਪਿਆ ਹੋਵੇਗਾ। ਜਲਦ ਹੀ ਸਾਰੇ ਲੋਕਾਂ
ਨੇ ਜਿਹੜੇ ਕਨਾਨ ਵਿੱਚ ਰਹਿੰਦੇ ਸੀ ਸੁਣਿਆ ਕੀ ਕਿਵੇਂ
ਯਹੋਸ਼ੁਆ ਨੇ ਯਰੀਹੋ ਨੂੰ ਹਰਾਇਆ ਸੀਂ। ਉਹ ਜਾਣ
ਗਏ ਸਨ ਕੀ ਪਰਮੇਸ਼ਵਰ ਆਪਣੇ ਲੋਕਾਂ ਦੇ ਨਾਲ ਹੈ।

# ਯਹੋਸ਼ੁਆ ਨੂੰ ਕੰਮ ਸੌਂਪਿਆ ਜਾਣਾ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਯਹੋਸ਼ੁਆ 1-6

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

# ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੂਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੋਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੋਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ਼ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋ਼ਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16